ਸਚੁ ਸੁਣਾਇਸੀ ਸਚ ਕੀ ਬੇਲਾ
ਰੋਜ਼ਾਨਾ ਸਪੋਕਸਮੈਨ
ਐਤਵਾਰ, 5 ਜਨਵਰੀ, 2014
ਸਪਤਾਹਿਕੀ

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

ਮਹਾਨ ਮਨੋਵਿਗਿਆਨੀ ਤੇ ਸਿੱਖ ਫ਼ਲਸਫ਼ੇ ਨੂੰ ਅੰਤਮ ਛੋਹਾਂ ਦੇਣ ਵਾਲੇ ਰਾਸ਼ਟਰਪਿਤਾ ਗੁਰੂ ਗੋਬਿੰਦ ਸਿੰਘ

ਡਾ. ਹਰਚੰਦ ਸਿੰਘ ਸਰਹਿੰਦੀ

ਗੁਰੂ ਗੋਬਿੰਦ ਸਿੰਘ ਜੀ ਦੀ ਅਦੁਤੀ ਸ਼ਖ਼ਸੀਅਤ ਬਹੁਤ ਸਾਰੇ ਗੁਣਾਂ ਦਾ ਸੁਮੇਲ ਹੈ। 19ਵੀਂ ਸਦੀ ਦਾ ਪ੍ਰਸਿੱਧ ਇਤਿਹਾਸਕਾਰ ਸੱਯਦ ਮੁਹੰਮਦ ਲਤੀਫ਼ ਲਿਖਦਾ ਹੈ, "ਗੁਰੂ ਗੋਬਿੰਦ ਸਿੰਘ ਜੰਗ ਦੇ ਮੈਦਾਨ ਵਿਚ ਇਕ ਜੇਤੂ ਯੋਧਾ, ਮਸਨਦ ਉਤੇ ਸ਼ਹਿਨਸ਼ਾਹ, ਗੁਰੂ ਰੂਪ ਵਿਚ ਗਿਆਨ ਦਾ ਦਾਤਾ ਅਤੇ ਖ਼ਾਲਸੇ ਦੀ ਸੰਗਤ ਵਿਚ ਫ਼ਕੀਰ ਸੀ।" ਗੱਲ ਕੀ, ਗੁਰੂ ਸਾਹਿਬ ਵਿਚ ਇਕੋ ਸਮੇਂ ਅਧਿਆਤਮਕ ਨੇਤਾ, ਉੱਚ ਕੋਟੀ ਦੇ ਸੰਗਠਨਕਰਤਾ, ਜਮਾਂਦਰੂ ਨਾਇਕ, ਪ੍ਰਤਿਭਾਸ਼ਾਲੀ ਵਿਦਵਾਨ ਅਤੇ ਸੱਚੇ ਸੁਧਾਰਕ ਦੇ ਗੁਣ ਵਿਦਮਾਨ ਹਨ। ਸ਼ਾਇਦ ਹੀ ਕੋਈ ਅਜਿਹੀ ਇਨਸਾਨੀ ਖ਼ੂਬੀ ਹੋਵੇ ਜੋ ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਸ਼ਾਲ ਘੇਰੇ ਵਿਚ ਨਾ ਆਉਂਦੀ ਹੋਵੇ। ਤਾਹੀਉਂ ਗੁਰੂ ਸਾਹਿਬ ਦੀ ਨਿਰਾਲੀ ਸ਼ਖ਼ਸੀਅਤ ਦੀ ਸਾਧੂ ਟੀ.ਐਲ. ਵਾਸਵਾਨੀ ਨੇ 'ਸਤਰੰਗੀ ਪੀਂਘ' ਨਾਲ ਤੁਲਨਾ ਕੀਤੀ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਵਿਲੱਖਣ ਤੇ ਬਹੁਪੱਖੀ ਸ਼ਖ਼ਸੀਅਤ ਨੂੰ ਕਲਮ ਦੀ ਬੰਦਸ਼ ਵਿਚ ਲਿਆਉਣਾ ਇਕ ਬੜਾ ਕਠਿਨ ਕੰਮ ਹੈ ਕਿਉਂਕਿ ਹਰ ਲੇਖਕ/ਕਵੀ ਦੀ ਅਪਣੀ ਇਕ ਸੀਮਾ ਹੁੰਦੀ ਹੈ। ਅੱਲਾ ਯਾਰ ਖ਼ਾਂ ਜੋਗੀ ਵਰਗਾ ਉਸਤਾਦ ਸ਼ਾਇਰ ਵੀ ਗੁਰੂ ਸਾਹਿਬ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਬਿਆਨ ਕਰਨ ਲਈ ਸ਼ਬਦਾਂ ਦੀ ਘਾਟ ਮਹਿਸੂਸ ਕਰਦਾ ਹੈ ਅਤੇ ਅਪਣੀ ਸਮਰੱਥਾ 'ਤੇ ਸ਼ੱਕ ਕਰਦਾ ਹੋਇਆ ਲਿਖਦਾ ਹੈ :

ਕਰਤਾਰ ਕੀ ਸੌਗੰਧ, ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੋਹ ਕਮ ਹੈ।
ਹਰ ਚੰਦ ਮੇਰੇ ਹਾਥ ਮੇਂ ਪੁਰਜ਼ੋਰ ਕਲਮ ਹੈ।
ਸਤਿਗੁਰੂ ਕੇ ਲਿਖੂੰ ਵਸਫ਼ ਕਹਾਂ ਤਾਬਿ ਕਰਮ ਹੈ।

ਦਰਅਸਲ, ਗੁਰੂ ਸਾਹਿਬ ਬਾਰੇ ਲਿਖਣ ਵਾਲਾ ਲਗਭਗ ਹਰ ਲੇਖਕ/ਕਵੀ, ਗੁਰੂ ਜੀ ਦੀ ਸ਼ਖ਼ਸੀਅਤ ਦੇ ਉਨ੍ਹਾਂ ਪੱਖਾਂ ਨੂੰ ਹੀ ਉਘਾੜਦਾ ਹੈ, ਜਿਹੜੇ ਪੱਖ ਉਸ ਦੇ ਮਨ 'ਤੇ ਡੂੰਘਾ ਪ੍ਰਭਾਵ ਛਡਦੇ ਹਨ। ਉਂਜ ਤਾਂ ਗੁਰੂ ਸਾਹਿਬ ਬਹੁਪੱਖੀ ਵਡਿਆਈ ਦੇ ਮਾਲਕ ਹਨ ਪਰ ਜੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਬਹੁਤ ਹੀ ਸੰਖੇਪ ਵਿਚ ਬਿਆਨ ਕਰਨਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਇਕੋ ਸਮੇਂ ਬਾਦਸ਼ਾਹ-ਦਰਵੇਸ਼ ਅਤੇ ਸੰਤ-ਸਿਪਾਹੀ ਸਨ। ਇਹ ਗੱਲ ਵਖਰੀ ਹੈ ਕਿ ਸਿੱਖ ਅਪਣੇ ਇਸ ਮਹਾਨ ਨਾਇਕ ਨੂੰ ਸੰਤ ਨਾਲੋਂ ਸਿਪਾਹੀ ਵਜੋਂ ਵੱਧ ਮਾਨਤਾ ਦੇਂਦੇ ਹਨ। ਤਾਹੀਉਂ, ਸਿੱਖਾਂ ਅਤੇ ਗ਼ੈਰ ਸਿੱਖਾਂ ਨੇ ਵੀ ਉਨ੍ਹਾਂ ਨੂੰ ਯੁੱਧ ਦੇ ਮੈਦਾਨ ਨੂੰ ਜਾਂਦੇ ਹੀ ਚਿਤਰਿਆ ਹੈ, ਘੋੜੇ 'ਤੇ ਸਵਾਰ ਅਤੇ ਹੱਥ ਵਿਚ ਤਲਵਾਰ ਹੈ। ਵੈਸੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੱਦ-ਕਾਠ ਨੂੰ ਕੇਵਲ ਉਨ੍ਹਾਂ ਦੀਆਂ ਜੰਗੀ ਪ੍ਰਾਪਤੀਆਂ ਦੇ ਗਜ਼ ਨਾਲ ਨਹੀਂ ਮਾਪਿਆ ਜਾ ਸਕਦਾ, ਕਿਉਂਕਿ ਉਨ੍ਹਾਂ ਦੀਆਂ ਪ੍ਰਾਪਤੀਆਂ ਸਰਬਪੱਖੀ ਹਨ। "ਗੁਰੂ ਗੋਬਿੰਦ ਸਿੰਘ ਹਰ ਪੱਖ ਤੋਂ ਇਕ ਮਹਾਨ ਵਿਅਕਤੀ ਸਨ, ਜਿਨ੍ਹਾਂ ਨੇ ਸਿਰਫ਼ 42 ਸਾਲਾਂ ਦੇ ਅਪਣੇ ਜੀਵਨ ਕਾਲ (1666-1708 ਈ.) ਦੌਰਾਨ ਵੱਡੀਆਂ ਮੱਲਾਂ ਮਾਰੀਆਂ। ਉਨ੍ਹਾਂ ਨੇ ਉਤਰੀ ਭਾਰਤ ਦੀ ਪੂਰੀ ਦੀ ਪੂਰੀ ਤਵਾਰੀਖ਼ ਹੀ ਬਦਲ ਕੇ ਰੱਖ ਦਿਤੀ।"

- ਖ਼ੁਸ਼ਵੰਤ ਸਿੰਘ

ਗੱਲ ਕੀ, ਗੁਰੂ ਗੋਬਿੰਦ ਸਿੰਘ, ਸਮੇਂ ਦੀ ਹਿੱਕ 'ਤੇ ਕਦੇ ਨਾ ਮਿਟਣ ਵਾਲੀਆਂ ਪੈੜਾਂ ਪਾ ਗਏ, ਜਿਨ੍ਹਾਂ ਤੋਂ ਆਉਣ ਵਾਲੀਆਂ ਨਸਲਾਂ ਸੇਧ ਲੈਂਦੀਆਂ ਰਹਿਣਗੀਆਂ। ਇਹੋ ਕਾਰਨ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਜਾਬ ਦੇ ਇਤਿਹਾਸ ਦੇ ਸੱਭ ਤੋਂ ਮਹਾਨ ਅਤੇ ਆਦਰਸ਼ਕ ਵਿਅਕਤੀਆਂ ਵਿਚੋਂ ਪ੍ਰਮੁੱਖ ਮੰਨੇ ਜਾਂਦੇ ਹਨ। "ਬਿਨਾਂ ਸ਼ੱਕ, ਗੁਰੂ ਗੋਬਿੰਦ ਸਿੰਘ ਜੀ ਦੀ ਸੱਭ ਯੁਗਾਂ ਦੇ ਸੱਭ ਤੋਂ ਮਹਾਨ ਭਾਰਤੀਆਂ ਵਿਚ ਗਿਣਤੀ ਕੀਤੀ ਜਾਣੀ ਚਾਹੀਦੀ ਹੈ।"

ਬੇਸ਼ੱਕ ਗੁਰੂ ਸਾਹਿਬ ਬਾਰੇ ਲਿਖਣ ਵਾਲਿਆਂ ਨੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ 'ਤੇ ਭਰਪੂਰ ਰੌਸ਼ਨੀ ਪਾਈ ਹੈ, ਫਿਰ ਵੀ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੇ ਕੁੱਝ ਪਹਿਲੂ, ਜਾਣੇ ਅਣਜਾਣੇ, ਅਣਗੌਲੇ ਹੀ ਰਹਿ ਗਏ ਹਨ। ਲੇਖਕ ਨੇ ਅਪਣੇ ਅਧਿਐਨ ਦੌਰਾਨ ਇਹ ਗੱਲ ਨੋਟ ਕੀਤੀ ਹੈ ਕਿ ਗੁਰੂ ਸਾਹਿਬ ਇਕ ਮਹਾਨ ਫ਼ਿਲਾਸਫ਼ਰ, ਮਨੋਵਿਗਿਆਨੀ ਅਤੇ ਮਨੋ ਵਿਸ਼ਲੇਸ਼ਕ ਵੀ ਸਨ। (ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਦੇ ਇਹ ਪਹਿਲੂ, ਤੁਸੀ ਮੇਰੇ ਨਾਲ ਸਹਿਮਤ ਹੋਵੋਗੇ, ਅਣਗੌਲੇ ਰਹਿ ਗਏ ਹਨ)। ਗੁਰੂ ਗੋਬਿੰਦ ਸਿੰਘ ਦਾ ਜੀਵਨ ਯੁੱਗ ਪਲਟਾਊ ਘਟਨਾਵਾਂ ਦੀ ਕਹਾਣੀ ਹੈ। ਤੁਸੀ ਵੇਖੋਗੇ ਕਿ ਹਰ ਮਹੱਤਵਪੂਰਨ ਘਟਨਾ ਦੇ ਪਿੱਛੇ ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਜਾਂ ਕੋਈ ਡੂੰਘਾ ਫ਼ਲਸਫ਼ਾ ਕੰਮ ਕਰਦਾ ਨਜ਼ਰ ਆਉਂਦਾ ਹੈ (ਬਸ਼ਰਤੇ ਤੁਹਾਡੇ ਕੋਲ ਵੇਖਣ ਵਾਲੀ ਅੱਖ ਹੋਵੇ)। ਗੁਰੂ ਸਾਹਿਬ ਦੀ ਫ਼ਿਲਾਸਫ਼ੀ, ਜੋਸ਼ ਦੇ ਨਾਲ-ਨਾਲ ਹੋਸ਼ ਤੋਂ ਕੰਮ ਲੈਣ ਦੀ ਗੱਲ ਕਰਦੀ ਹੈ। ਮਿਸਾਲ ਵਜੋਂ, ਗੁਰੂ ਸਾਹਿਬ ਨੇ ਅਪਣੇ ਸੰਘਰਸ਼ਮਈ ਜੀਵਨ ਦੇ ਮੁਢਲੇ ਪੜਾਅ ਦੌਰਾਨ ਅਪਣੇ ਆਪ ਨੂੰ ਵਾਹ ਲਗਦੇ, ਪਹਾੜੀ ਰਾਜਿਆਂ ਨਾਲ ਛੋਟੇ ਮੋਟੇ ਝਗੜਿਆਂ ਵਿਚ ਉਲਝਣ ਤੋਂ ਬਚਾਈ ਰਖਿਆ, ਕਿਉਂਕਿ ਉਹ ਅਜਿਹੇ ਝਗੜਿਆਂ ਵਿਚ ਅਪਣੀ ਸੈਨਿਕ ਸ਼ਕਤੀ ਨੂੰ ਕਮਜ਼ੋਰ ਨਹੀਂ ਸਨ ਕਰਨਾ ਚਾਹੁੰਦੇ, ਬਲਕਿ ਕੁੱਝ ਵਰ੍ਹਿਆਂ ਤਕ ਵੱਡੇ ਪੈਮਾਨੇ 'ਤੇ ਮੁਗ਼ਲਾਂ ਵਿਰੁਧ ਸੈਨਿਕ ਤਿਆਰੀਆਂ ਕਰਨਾ ਚਾਹੁੰਦੇ ਸਨ। ਇਸ ਲਈ ਵਕਤ ਦੀ ਨਜ਼ਾਕਤ ਨੂੰ ਧਿਆਨ ਵਿਚ ਰਖਦਿਆਂ, ਗੁਰੂ ਸਾਹਿਬ ਅਪਣੇ ਪਰਵਾਰ ਤੇ ਸੈਨਿਕਾਂ ਸਹਿਤ ਨਾਹਨ ਰਿਆਸਤ ਦੇ ਇਲਾਕੇ ਵਿਚ ਚਲੇ ਗਏ ਅਤੇ ਪਾਉਂਟਾ ਸਾਹਿਬ ਨੂੰ ਅਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ। ਇਥੇ ਰਹਿੰਦਿਆਂ ਹੀ ਸੰਨ 1688 ਈ. ਵਿਚ, ਭੰਗਾਣੀ ਦੀ ਜੰਗ ਲੜੀ ਅਤੇ ਪਹਾੜੀ ਰਾਜਿਆਂ ਨੂੰ ਸ਼ਿਕਸਤ ਦਿਤੀ। ਇਸ ਤਰ੍ਹਾਂ ਜੋਸ਼ ਤੇ ਹੋਸ਼ ਦਾ ਸੰਤੁਲਨ ਕਾਇਮ ਰਖਦਿਆਂ, ਗੁਰੂ ਸਾਹਿਬ ਨੇ ਕੇਵਲ 22 ਵਰ੍ਹਿਆਂ ਦੀ ਉਮਰ ਵਿਚ ਪਹਾੜੀ ਰਾਜਿਆਂ ਨੂੰ ਲੱਕ ਤੋੜਵੀਂ ਹਾਰ ਦਿਤੀ। ਭੰਗਾਣੀ ਦੀ ਜਿੱਤ ਤੋਂ ਬਾਅਦ ਗੁਰੂ ਸਾਹਿਬ ਨੇ ਮੁੜ ਅਨੰਦਪੁਰ ਸਾਹਿਬ ਨੂੰ ਅਪਣੀਆਂ ਸਰਗਰਮੀਆਂ ਦਾ ਮੁੱਖ ਕੇਂਦਰ ਬਣਾ ਲਿਆ ਅਤੇ ਮੌਕੇ ਤੋਂ ਲਾਭ ਉਠਾਉਂਦਿਆਂ, ਅਨੰਦਪੁਰ ਸਾਹਿਬ (ਜਿਸ ਦਾ ਨਾਂ ਉਦੋਂ ਮਾਖੋਵਾਲ ਸੀ) ਵਿਖੇ ਅਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ, ਫ਼ਤਿਹਗੜ੍ਹ ਅਤੇ ਹੋਲਗੜ੍ਹ ਨਾਮੀ ਪੰਜ ਕਿਲ੍ਹਿਆਂ ਦੀ ਉਸਾਰੀ ਕਰਵਾਈ। ਗੁਰੂ ਸਾਹਿਬ ਏਨੀ ਤੀਖਣ ਬੁੱਧੀ ਦੇ ਮਾਲਕ ਸਨ ਕਿ ਉਨ੍ਹਾਂ ਨੇ ਹੱਥ ਆਏ ਕਿਸੇ ਵੀ ਮੌਕੇ ਨੂੰ ਕਦੇ ਅਜਾਈਂ ਨਾ ਗਵਾਇਆ।

ਗੁਰੂ ਸਾਹਿਬ ਨੇ ਜੀਵਨ ਭਰ ਜੋਸ਼ ਦੇ ਨਾਲ ਹੋਸ਼ ਤੋਂ ਕੰਮ ਲੈਣ ਦੇ ਫ਼ਲਸਫ਼ੇ 'ਤੇ ਡਟ ਕੇ ਪਹਿਰਾ ਦਿਤਾ ਜਿਸ ਦੇ ਸ਼ਾਨਦਾਰ ਨਤੀਜੇ ਸਾਹਮਣੇ ਆਏ। ਅਪਣੇ ਜੀਵਨ ਵਿਚ ਲੜੀ ਆਖ਼ਰੀ ਜੰਗ (ਮੁਕਤਸਰ ਦੀ ਜੰਗ) ਤੋਂ ਬਾਅਦ ਗੁਰੂ ਸਾਹਿਬ ਨੇ ਹੋਸ਼ ਨੂੰ ਜੋਸ਼ ਉਤੇ ਭਾਰੂ ਰਖਦਿਆਂ, ਸਿੱਖ ਸ਼ਕਤੀ ਨੂੰ ਨਸ਼ਟ ਹੋਣ ਤੋਂ ਬਚਾਅ ਲਿਆ ਅਤੇ ਇਸੇ ਦੌਰਾਨ ਸਿੱਖਾਂ ਨੂੰ ਮੁਗ਼ਲਾਂ ਨਾਲ ਟੱਕਰ ਲੈਣ ਲਈ ਮਾਨਸਿਕ ਤੇ ਜਥੇਬੰਦਕ ਤੌਰ 'ਤੇ ਤਿਆਰ ਕਰਦੇ ਰਹੇ। ਫਿਰ, ਸਿੱਖ ਪੰਥ ਦੀ ਰਹਿਨੁਮਾਈ ਕਰਨ ਲਈ ਬੜੇ ਨਾਟਕੀ ਢੰਗ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਚੋਣ ਕੀਤੀ ਅਤੇ ਮੁਗ਼ਲਾਂ ਨਾਲ ਸਾਹਮਣਿਉਂ ਟੱਕਰ ਲੈਣ ਲਈ ਪੰਜਾਬ ਵਲ ਭੇਜਿਆ। ਕਮਾਲ ਦੀ ਗੱਲ ਤਾਂ ਇਹ ਹੈ ਕਿ ਗੁਰੂ ਸਾਹਿਬ ਨੇ ਬੰਦਾ ਸਿੰਘ ਬਹਾਦਰ ਨੂੰ ਉਸ ਸਮੇਂ ਮੈਦਾਨ ਵਿਚ ਉਤਾਰਿਆ ਜਦੋਂ 'ਲੋਹਾ ਗਰਮ' ਸੀ ਅਤੇ ਬੰਦਾ ਸਿੰਘ ਬਹਾਦਰ ਦੀ 'ਇਕੋ ਸੱਟ' ਨੇ ਮੁਗ਼ਲ ਹਕੂਮਤ ਦੀਆਂ ਨੀਹਾਂ ਹਿਲਾ ਕੇ ਰੱਖ ਦਿਤੀਆਂ। ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਮਨੋਵਿਗਿਆਨਕ ਤੇ ਜੰਗੀ ਸੂਝ ਦਾ ਸਿਖਰ ਕਿਹਾ ਜਾ ਸਕਦਾ ਹੈ। ਵੈਸੇ ਜੇ ਗਹੁ ਨਾਲ ਵੇਖਿਆ ਜਾਵੇ ਤਾਂ ਗੁਰੂ ਸਾਹਿਬ ਦੀ ਹਰ ਸਰਗਰਮੀ, ਉਨ੍ਹਾਂ ਦੀ ਮਨੋਵਿਗਿਆਨਕ ਤੇ ਜੰਗੀ ਸੂਝ ਦੀ ਮੂੰਹ ਬੋਲਦੀ ਤਸਵੀਰ ਹੈ। ਅਨੰਦਪੁਰ ਸਾਹਿਬ ਵਰਗੇ ਢੁਕਵੇਂ ਸਥਾਨ ਨੂੰ ਅਪਣੀਆਂ ਮੁੱਖ ਸਰਗਰਮੀਆਂ ਦਾ ਕੇਂਦਰ ਬਣਾਉਣਾ, ਉਨ੍ਹਾਂ ਦੀ ਜੰਗੀ ਸੂਝ ਵਲ ਸੰਕੇਤ ਕਰਦਾ ਹੈ। ਫਿਰ, ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ, ਪਿੱਛਾ ਕਰ ਰਿਹਾ ਟਿੱਡੀ ਦਲ ਮੁਗ਼ਲ ਫ਼ੌਜ ਨੂੰ ਠੱਲ੍ਹਣ ਲਈ ਤੱਤ ਭੜੱਥ ਵਿਚ ਉੱਚੀ ਥਾਂ 'ਤੇ ਸਥਿਤ ਇਕ ਕੱਚੀ ਹਵੇਲੀ (ਚਮਕੌਰ ਦੀ ਗੜ੍ਹੀ) ਵਿਚ ਮੋਰਚੇ ਸੰਭਾਲ ਲੈਣੇ ਅਤੇ ਦੁਸ਼ਮਣ ਦੇ ਭੀੜੇ ਘੇਰੇ ਨੂੰ ਚੀਰ ਕੇ ਸਪੱਸ਼ਟ ਨਿਕਲ ਜਾਣਾ, ਉਨ੍ਹਾਂ ਦੀ ਫ਼ੌਜੀ ਸੂਝ ਦੀ ਇਕ ਬਹੁਤ ਹੀ ਸ਼ਾਨਦਾਰ ਮਿਸਾਲ ਹੈ। ਇਸ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਮਨਸੂਬਾਬੰਦੀ ਕਰਨ ਵਿਚ ਕਮਾਲ ਦੀ ਮਹਾਰਤ ਰਖਦੇ ਸਨ।

ਗੁਰੂ ਗੋਬਿੰਦ ਸਿੰਘ ਜੀ ਡੂੰਘੀ ਸੋਚ ਵਿਚਾਰ ਤੋਂ ਬਾਅਦ ਹੀ ਕਿਸੇ ਕੰਮ ਨੂੰ ਹੱਥ ਪਾਉਂਦੇ ਸਨ ਅਤੇ ਉਨ੍ਹਾਂ ਦਾ ਨਜ਼ਰੀਆ ਇਕ ਦਮ ਵਿਗਿਆਨਕ ਸੀ। ਉਨ੍ਹਾਂ ਦੀ ਵਿਗਿਆਨਕ/ਮਨੋਵਿਗਿਆਨਕ ਸੂਝ ਨੂੰ ਦਰਸਾਉਂਦੀਆਂ ਕੁੱਝ ਮਿਸਾਲਾਂ ਤੁਹਾਡੀ ਨਜ਼ਰ ਕਰ ਰਿਹਾ ਹਾਂ:



ਭਾਰਤ ਦੇ ਇਤਿਹਾਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚੜ੍ਹਦੀ ਕਲਾ ਦੇ ਅਵਤਾਰ ਮੰਨੇ ਜਾਂਦੇ ਹਨ। ਗੁਰੂ ਸਾਹਿਬ ਨੇ ਅਪਣੇ ਸਿੱਖਾਂ ਨੂੰ ਚੜ੍ਹਦੀ ਕਲਾ ਦਾ ਨਾਹਰਾ ਦਿਤਾ ਅਤੇ "ਨਿਸਚੈ ਕਰ ਅਪਨੀ ਜੀਤ ਕਰੋਂ" ਦਾ ਸਬਕ ਕੰਠ ਕਰਵਾਇਆ, ਕਿਉਂਕਿ "ਸਵੈ ਭਰੋਸੇ ਨਾਲ ਹੀ ਕੋਈ ਕੰਮ ਨੇਪਰੇ ਚੜ੍ਹਦਾ ਹੈ।" ਇਸ ਲਈ, ਲਤਾੜੀ ਅਤੇ ਸਾਹ ਸਤ ਗੁਆ ਚੁਕੀ ਭਾਰਤੀ ਜਨਤਾ ਨੂੰ ਚੜ੍ਹਦੀ ਕਲਾ ਦਾ ਨਾਅਰਾ ਦੇਣਾ ਸਮੇਂ ਦੀ ਮੰਗ ਸੀ, ਕਿਉਂਕਿ ਢਹਿੰਦੀ ਕਲਾ 'ਚ ਜਾ ਰਹੀ ਕੌਮ ਤੋਂ ਕਿਸੇ ਠੋਸ ਪ੍ਰਾਪਤੀ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ। ਦੂਜਾ, ਹਾਲਾਤ ਅਤੇ ਮੌਕੇ ਅਨੁਸਾਰ ਗੁਰੂ ਸਾਹਿਬ ਨੇ ਸਿੱਖ ਸਮਾਜ ਲਈ ਕੁੱਝ ਨਵੇਂ ਸਿਧਾਂਤ ਘੜੇ ਅਤੇ ਉਨ੍ਹਾਂ 'ਤੇ ਅਮਲ ਕਰਨਾ ਵੀ ਸਿਖਾਇਆ। ਇਨ੍ਹਾਂ ਸਿਧਾਂਤਾਂ (ਜੋ ਬਾਅਦ ਵਿਚ ਰਵਾਇਤਾਂ ਦਾ ਰੂਪ ਧਾਰਨ ਕਰ ਗਏ) ਦੀ ਸੁੰਦਰ ਮਾਲਾ ਵਿਚ 'ਅਰਦਾਸਾ ਸੋਧਣ' ਦਾ ਕੀਮਤੀ ਮਣਕਾ ਵਿਸ਼ੇਸ਼ ਮਹੱਤਵ ਰਖਦਾ ਹੈ। (ਉਂਜ ਅਕਾਲ ਪੁਰਖ ਅੱਗੇ ਬੰਦਨਾ ਕਰਨ ਜਾਂ ਅਰਦਾਸ ਕਰਨ ਦੀ ਰੀਤ ਸਿੱਖ ਜਗਤ ਵਿਚ ਉਨੀ ਹੀ ਪੁਰਾਣੀ ਹੈ ਜਿੰਨਾ ਸਿੱਖ ਧਰਮ, ਪਰ 'ਅਰਦਾਸਾ ਸੋਧਣ' ਦੀ ਪਰੰਪਰਾ ਇਸ ਨਾਲੋਂ ਫ਼ਰਕ ਵਾਲੀ ਹੈ ਅਤੇ ਸਹੀ ਮਾਅਨਿਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਂਦ ਵਿਚ ਆਈ।)

'ਅਰਦਾਸਾ ਸੋਧਣ' ਦੀ ਸਿੱਖੀ ਰਵਾਇਤ, ਵਿਗਿਆਨਕ ਸੋਚ 'ਤੇ ਆਧਾਰਤ ਹੈ। ਤੁਸੀ ਪੁੱਛੋਗੇ, ਕਿਵੇਂ? ਇਸ ਤੱਥ ਨੂੰ ਅਸਰਦਾਰ ਢੰਗ ਨਾਲ ਸਮਝਣ ਲਈ ਗੱਲ ਨੂੰ ਥੋੜਾ ਘੁਮਾ ਕੇ ਲਿਆਉਣਾ ਪਵੇਗਾ। ਦੁਬਿਧਾ ਤੇ ਦੁਚਿੱਤੀ ਵਿਚ ਫਸਿਆ ਵਿਅਕਤੀ ਅਪਣੀ ਮੰਜ਼ਲ 'ਤੇ ਨਹੀਂ ਪਹੁੰਚ ਸਕਦਾ ਜਦਕਿ ਫ਼ੈਸਲਾ ਲੈ ਕੇ ਦ੍ਰਿੜ੍ਹਤਾ ਨਾਲ ਅਪਣੇ ਨਿਸ਼ਾਨੇ ਵਲ ਵਧਣ ਵਾਲਾ ਵਿਅਕਤੀ ਸਹਿਜੇ ਹੀ ਸਫ਼ਲਤਾ ਪ੍ਰਾਪਤ ਕਰ ਲੈਂਦਾ ਹੈ। ਇਸ ਸਬੰਧ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਇਹ ਸ਼ਬਦ ਕਿੰਨੇ ਭਾਵਪੂਰਤ ਹਨ, "ਕੋਈ ਮੁਸ਼ਕਲ ਏਡੀ ਮੁਸ਼ਕਲ ਨਹੀਂ ਹੁੰਦੀ, ਜੇਡੀ ਦੁਚਿੱਤੀ ਹੈ। ਘਬਰਾਹਟ ਵੀ ਦੁਚਿੱਤੀ ਵਿਚ ਹੀ ਹੁੰਦੀ ਹੈ।" ਇਸ ਸਬੰਧੀ ਕਾਰਲਾਈਲ ਵੀ ਲਿਖਦੇ ਹਨ: "ਦੁਚਿੱਤੀ ਵਿਚ ਪਏ ਵਿਅਕਤੀ ਦੀਆਂ ਸਮੱਸਿਆਵਾਂ, ਫ਼ੈਸਲੇ ਖੁਣੋਂ ਜਿਉਂ ਦੀਆਂ ਤਿਉਂ ਪਈਆਂ ਰਹਿੰਦੀਆਂ ਹਨ। ਇਸ ਲਈ, ਵੱਡਾ ਦੁਖੀਆ ਉਹ ਹੈ, ਜੋ ਸਲਾਹੀਂ ਪੈ ਜਾਵੇ।" ਭਗਵਾਨ ਕ੍ਰਿਸ਼ਨ ਦਾ ਪ੍ਰਵਚਨ ਹੈ: "ਸੰਸੇ ਵਿਚ ਡੁੱਬੇ ਆਦਮੀ ਦਾ ਵਿਨਾਸ਼ ਅਵੱਸ਼ ਹੁੰਦਾ ਹੈ।" ਗੁਰੂ ਗੋਬਿੰਦ ਸਿੰਘ ਨੂੰ ਇਸ ਗੱਲ ਦਾ ਗਿਆਨ ਸੀ ਕਿ "ਡਾਵਾਂਡੋਲ ਮਨ ਕੇਵਲ ਨੀਚ ਸੰਪਤੀ ਹੈ।" (ਯੂਰੀਪੀਡਟੀਜ਼) ਇਸ ਲਈ ਗੁਰੂ ਸਾਹਿਬ ਨੇ ਦੁਬਿਧਾ ਤੇ ਦੁਚਿੱਤੀ ਨੂੰ ਖ਼ਤਮ ਕਰਨ ਲਈ 'ਅਰਦਾਸਾ ਸੋਧਣ' ਦੀ ਚਮਤਕਾਰੀ ਸਿੱਖੀ ਰਵਾਇਤ ਪ੍ਰਚਲਤ ਕੀਤੀ।

ਆਉ! ਇਸ ਰਵਾਇਤ ਦੀ ਬੁੱਕਲ ਵਿਚ ਕੰਮ ਕਰ ਰਹੇ ਫ਼ਲਸਫ਼ੇ ਨੂੰ ਥੋੜਾ ਹੋਰ ਨੇੜਿਉਂ ਵੇਖਣ ਤੇ ਸਮਝਣ ਦੀ ਕੋਸ਼ਿਸ਼ ਕਰੀਏ।

ਬਾਕੀ ਸਫ਼ਾ III 'ਤੇ

> ਜੇ ਗਹੁ ਨਾਲ ਵੇਖਿਆ ਜਾਵੇ ਤਾਂ ਗੁਰੂ ਸਾਹਿਬ ਦੀ ਹਰ ਸਰਗਰਮੀ, ਉਨ੍ਹਾਂ ਦੀ ਮਨੋਵਿਗਿਆਨਕ ਤੇ ਜੰਗੀ ਸੂਝ ਦੀ ਮੂੰਹ ਬੋਲਦੀ ਤਸਵੀਰ ਹੈ। ਅਨੰਦਪੁਰ ਸਾਹਿਬ ਵਰਗੇ ਢੁਕਵੇਂ ਸਥਾਨ ਨੂੰ ਅਪਣੀਆਂ ਮੁੱਖ ਸਰਗਰਮੀਆਂ ਦਾ ਕੇਂਦਰ ਬਣਾਉਣਾ, ਉਨ੍ਹਾਂ ਦੀ ਜੰਗੀ ਸੂਝ ਵਲ ਸੰਕੇਤ ਕਰਦਾ ਹੈ। ਫਿਰ, ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ, ਪਿੱਛਾ ਕਰ ਰਿਹਾ ਟਿੱਡੀ ਦਲ ਮੁਗ਼ਲ ਫ਼ੌਜ ਨੂੰ ਠੱਲ੍ਹਣ ਲਈ ਤੱਤ ਭੜੱਥ ਵਿਚ ਉੱਚੀ ਥਾਂ 'ਤੇ ਸਥਿਤ ਇਕ ਕੱਚੀ ਹਵੇਲੀ (ਚਮਕੌਰ ਦੀ ਗੜ੍ਹੀ) ਵਿਚ ਮੋਰਚੇ ਸੰਭਾਲ ਲੈਣੇ ਅਤੇ ਦੁਸ਼ਮਣ ਦੇ ਭੀੜੇ ਘੇਰੇ ਨੂੰ ਚੀਰ ਕੇ ਸਪੱਸ਼ਟ ਨਿਕਲ ਜਾਣਾ, ਉਨ੍ਹਾਂ ਦੀ ਫ਼ੌਜੀ ਸੂਝ ਦੀ ਇਕ ਬਹੁਤ ਹੀ ਸ਼ਾਨਦਾਰ ਮਿਸਾਲ ਹੈ। ਇਸ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਮਨਸੂਬਾਬੰਦੀ ਕਰਨ ਵਿਚ ਕਮਾਲ ਦੀ ਮਹਾਰਤ ਰਖਦੇ ਸਨ।



ਬਾਜਾਂ ਵਾਲਾ ਵਾਜਾਂ

ਤਰਲੋਚਨ ਸਿੰਘ ਦੁਪਾਲਪੁਰ

ਸ਼ੇਰ, ਇਸ ਪੇਂਡੂ ਇਲਾਕੇ ਵਿਚ ਆ ਨਿਕਲਿਆ। ਇਨ੍ਹਾਂ ਪਿੰਡਾਂ ਦੇ ਕਈ ਲੋਕਾਂ ਨੇ ਖੁਲ੍ਹੀਆਂ ਚਰਾਂਦਾਂ ਵਿਚ ਅਪਣੇ ਮਾਲ-ਡੰਗਰ ਚਰਾਉਂਦਿਆਂ ਇਸ ਸ਼ੇਰ ਨੂੰ ਝਾੜਾਂ ਝੁੰਡਾਂ ਵਿਚ ਇਧਰ-ਉਧਰ ਫਿਰਦਿਆਂ ਵੇਖਿਆ। ਜਿਸ ਕਿਸੇ ਦੇ ਵੀ ਨਜ਼ਰੀਂ ਸ਼ੇਰ ਪੈ ਜਾਂਦਾ, ਉਹ ਡਰਦਾ ਮਾਰਿਆ, ਪੈਰ ਸਿਰ 'ਤੇ ਰੱਖ ਕੇ, ਪਿੰਡ ਵਲ ਦੌੜ ਆਉਂਦਾ। ਰਾਤ ਵੇਲੇ ਅਚਾਨਕ ਹੋਇਆ ਕੋਈ ਖੜਾਕ ਸੁਣ ਕੇ 'ਸ਼ੇਰ ਆ ਗਿਆ ਓਇ!' ਦੀ ਹਾਹਾਕਾਰ ਮਚ ਜਾਂਦੀ। ਦਹਿਲੇ ਹੋਏ ਪੇਂਡੂ, ਦਿਨ ਢਲਦਿਆਂ ਹੀ ਕੰਮਕਾਰ ਨਿਬੇੜ ਕੇ ਘਰਾਂ ਨੂੰ ਪਰਤ ਆਉਂਦੇ। ਪੂਰੇ ਇਲਾਕੇ ਵਿਚ ਦਹਿਸ਼ਤ ਫੈਲ ਗਈ ਕਿਉਂਕਿ ਸ਼ੇਰ ਕਦੇ ਕਿਸੇ ਪਿੰਡ ਦੇ ਖੇਤ-ਬੰਨੇ ਵਿਖਾਈ ਦੇਂਦਾ ਤੇ ਕਦੇ ਕਿਸੇ ਪਿੰਡ ਦੇ।

ਅਜਿਹੇ ਖ਼ੌਫ਼ਜ਼ਦਾ ਮਾਹੌਲ ਵਿਚ ਕਿੰਨਾ ਕੁ ਚਿਰ ਚੁੱਪ ਰਹਿ ਕੇ ਜੀਵਿਆ ਜਾ ਸਕਦਾ ਸੀ? ਆਪਸ ਵਿਚ ਸਲਾਹ-ਮਸ਼ਵਰਾ ਕਰ ਕੇ ਪਿੰਡਾਂ ਦੇ ਚੋਣਵੇਂ ਬੰਦਿਆਂ ਦਾ ਇਕ ਵਫ਼ਦ ਅਨੰਦਪੁਰ ਸਾਹਿਬ ਜਾਣ ਲਈ ਤਿਆਰ ਹੋਇਆ। ਇਹ ਉਹ ਦਿਨ ਸਨ ਜਦੋਂ ਪੰਥ ਖ਼ਾਲਸਾ ਸਾਜੇ ਨੂੰ ਹਾਲੇ ਕੁੱਝ ਹੀ ਮਹੀਨੇ ਬੀਤੇ ਸਨ। ਨਵੇਂ ਸਜੇ ਪੰਥ ਦੀਆਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਅਤੇ ਨਵੀਆਂ ਚੁਨੌਤੀਆਂ ਕਾਰਨ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਪੂਰੀ ਤਰ੍ਹਾਂ ਰੁੱਝੇ ਹੋਏ ਸਨ ਪਰ ਦਿਆਲੂ ਅਤੇ ਕ੍ਰਿਪਾਲ ਸਤਿਗੁਰ ਨੇ, ਸ਼ੇਰ ਦੀ

ਅਪਣੀ ਬੰਦੂਕ ਸੰਭਾਲੀ....ਘੋੜਾ ਦੱਬਿਆ...ਠਾਹ!...ਜ਼ੋਰ ਦੀ ਖੜਾਕਾ ਹੋਇਆ!!..ਪਰ ਇਹ ਕੀ? ਗੋਲੀ ਤਾਂ ਕਿਤੇ ਹੋਰ ਹੀ ਜਾ ਵੱਜੀ...ਅਤੇ ਸ਼ੇਰ ਵੀ ਜੰਗਲ ਵਲ ਦੌੜਨ ਦੀ ਬਜਾਏ ਪਿੰਡ ਵਲ ਨੂੰ ਵਾਹੋ-ਦਾਹੀ ਦੌੜ ਪਿਆ!

ਇਕ ਹੋਰ ਗੋਲੀ ਚਲਾਉਣ ਦੀ ਥਾਂ ਗੁਰੂ ਸਾਹਿਬ ਨੇ ਸਾਰਿਆਂ ਨੂੰ, ਭੱਜੇ ਜਾਂਦੇ ਸ਼ੇਰ ਦੇ ਪਿੱਛੇ ਪਿੱਛੇ ਦੌੜਨ ਦਾ ਹੁਕਮ ਦਿਤਾ। ਗੁਰੂ ਜੀ ਅਤੇ ਸਿੰਘਾਂ ਦੇ ਸਨਦ-ਬੱਧ ਜੱਥੇ ਦੀ ਹਾਜ਼ਰੀ ਕਾਰਨ ਸਾਰੇ ਲੋਕ ਹੌਸਲੇ ਨਾਲ ਉਧਰ ਨੂੰ ਦੌੜ ਪਏ। ਸਾਰਿਆਂ ਨੇ ਹੀ ਨਜ਼ਰਾਂ ਸ਼ੇਰ ਉਤੇ ਟਿਕਾਈਆਂ ਹੋਈਆਂ ਸਨ। ਸਾਰਿਆਂ ਦੇ ਵੇਖਦਿਆਂ ਹੀ ਵੇਖਦਿਆਂ, ਪਿੰਡ ਦੇ ਬਾਹਰ-ਵਾਰ ਘੁਮਾਰ ਦੇ ਵਿਹੜੇ ਮੂਹਰੇ ਸ਼ਹਿਰ ਜਾ ਪਹੁੰਚਿਆ। ਵਿਹੜੇ ਵਿਚ ਬੰਨ੍ਹੇ ਹੋਏ ਗਧੇ, ਸ਼ੇਰ ਨੂੰ ਵੇਖ ਕੇ ਡਰਦੇ ਮਾਰੇ ਉੱਚੀ ਉੱਚੀ ਹੀਂਗਣ ਲੱਗ ਪਏ। ਉਦੋਂ ਸਾਰਿਆਂ ਦੀਆਂ ਅੱਖਾਂ ਹੈਰਾਨੀ ਨਾਲ ਅੱਡੀਆਂ ਰਹਿ ਗਈਆਂ ਜਦੋਂ ਹੀਂਗਦੇ ਟਪਦੇ ਗਧਿਆਂ 'ਤੇ ਝਪਟਣ ਦੀ ਥਾਂ ਸ਼ੇਰ ਖ਼ੁਦ ਹੀਂਗਣ ਲੱਗ ਪਿਆ।